# ਕੋਲਪੋਸਕੋਪੀ

ਐੱਚ ਪੀ ਵੀ ਦੇ ਨਤੀਜਿਆਂ ਅਤੇ ਕੋਲਪੋਸਕੋਪੀ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣਾ

**ਜੇ ਹੁਣੇ ਹੁਣੇ ਤੁਹਾਡੇ ਪੈਪ ਟੈੱਸਟ ਦਾ ਨਤੀਜਾ ਅਸਧਾਰਨ ਆਇਆ ਹੈ ਜਾਂ ਜੇ ਐੱਚ ਪੀ ਵੀ ਦੇ ਜ਼ਿਆਦਾ ਖਤਰੇ ਵਾਲੀਆਂ ਕਿਸਮਾਂ 16 ਅਤੇ/ਜਾਂ 18 ਦਾ ਪਤਾ ਲੱਗਾ ਸੀ ਤਾਂ ਹੈਲਥ ਕੇਅਰ ਪ੍ਰੋਵਾਈਡਰ ਕੋਲਪੋਸਕੋਪੀ ਕਰਵਾਉਣ ਦੀ ਸਿਫਾਰਸ਼ ਕਰ ਸਕਦਾ ਹੈ।**

## ਕੋਲਪੋਸਕੋਪੀ ਕੀ ਹੈ?

ਕੋਲਪੋਸਕੋਪੀ ਇਕ ਟੈੱਸਟ ਹੈ ਜੋ ਕਿ ਤੁਹਾਡੀ ਸਰਵਿਕਸ (ਬੱਚੇਦਾਨੀ ਦੇ ਮੂੰਹ) ਅਤੇ ਯੋਨੀ (ਵਜਾਇਨਾ) ’ਤੇ ਅਸਧਾਰਨ ਥਾਂਵਾਂ ਦੇਖਦਾ ਹੈ। ਸਪੈਸ਼ਲਿਸਟ (ਕੋਲਨੋਸਕੋਪਿਸਟ) ਕੋਲਪੋਸਕੋਪ ਨਾਂ ਦੇ ਵੱਡਾ ਕਰਕੇ ਦਿਖਾਉਣ ਵਾਲੇ ਇਕ ਯੰਤਰ ਦੀ ਵਰਤੋਂ ਕਰੇਗਾ, ਜੋ ਕਿ ਸਟੈਂਡ ਉੱਪਰ ਇਕ ਦੂਰਬੀਨ ਵਾਂਗ ਦਿਖਾਈ ਦਿੰਦਾ ਹੈ। ਕੋਲਪੋਸਕੋਪ ਸਪੈਸ਼ਲਿਸਟ ਨੂੰ ਤੁਹਾਡੀ ਸਰਵਿਕਸ ਨੂੰ ਨੇੜਿਉਂ ਦੇਖਣ ਦਿੰਦੀ ਹੈ।

***ਕੋਲਪੋਸਕੋਪੀ ਕਿਸੇ ਵੀ ਅਸਧਾਰਨ ਸਰਵੀਕਲ ਸੈੱਲਾਂ ਦੇ ਮੂਲ ਕਾਰਨ ਤੱਕ ਜਾਂਦੀ ਹੈ – ਜਿਸ ਨਾਲ ਅਗੇਤਾ ਇਲਾਜ ਸੰਭਵ ਹੁੰਦਾ ਹੈ।***

## ਕੋਲਪੋਸਕੋਪੀ ਦੀ ਕਿਸ ਨੂੰ ਲੋੜ ਹੈ?

ਕੋਲਪੋਸਕੋਪੀ ਦੀ ਆਮ ਤੌਰ ’ਤੇ ਸਿਫਾਰਸ਼ ਕੀਤੀ ਜਾਂਦੀ ਹੈ ਜੇ:

- ਤੁਹਾਡੇ ਪੈਪ ਟੈੱਸਟ ਜਾਂ ਸਰਵਿਕਸ (ਬੱਚੇਦਾਨੀ ਦੇ ਮੂੰਹ) ਦੇ ਆਪ ਕੀਤੇ ਟੈੱਸਟ ਨੇ ਹਿਊਮਨ ਪਾਪੀਲੋਮਾਵਾਇਰਸ (ਐੱਚ ਪੀ ਵੀ) ਦੀ ਜ਼ਿਆਦਾ ਖਤਰੇ ਵਾਲੀ ਕਿਸੇ ਕਿਸਮ – ਐੱਚ ਪੀ ਵੀ 16 ਅਤੇ/ਜਾਂ 18 ਦਾ ਪਤਾ ਲਾਇਆ ਹੈ। ਜਾਂ ਤੁਹਾਨੂੰ ਐੱਚ ਪੀ ਵੀ ਇਨਫੈਕਸ਼ਨ ਹੋਈ ਹੈ ਜਿਹੜੀ ਹਟੀ ਨਹੀਂ ਹੈ।
- ਤੁਹਾਡੇ ਪੈਪ ਟੈੱਸਟ ਨੇ ਤੁਹਾਡੀ ਸਰਵਿਕਸ ਉੱਪਰ ਅਜਿਹੇ ਸੈੱਲ ਲੱਭੇ ਹਨ ਜਿਹੜੇ ਸਧਾਰਨ ਨਹੀਂ ਦਿਖਾਈ ਦਿੰਦੇ, ਜਿਸ ਦਾ ਕਾਰਨ ਸੰਭਵ ਤੌਰ ’ਤੇ ਜ਼ਿਆਦਾ ਖਤਰੇ ਵਾਲਾ ਐੱਚ ਪੀ ਵੀ ਹੈ।
- ਤੁਹਾਡੇ ਵਿਚ ਪੀਰੀਅਡਾਂ ਦੇ ਵਿਚਕਾਰ ਬਲੀਡਿੰਗ ਜਾਂ ਸੈਕਸ ਦੌਰਾਨ ਦਰਦ ਵਰਗੀਆਂ ਨਿਸ਼ਾਨੀਆਂ ਹਨ।
- ਤੁਹਾਡੀ ਟੈੱਸਟ ਦੇ ਅਸਧਾਰਨ ਨਤੀਜਿਆਂ ਦੀ ਹਿਸਟਰੀ ਹੈ।

## ਮੈਨੂੰ ਆਪਣੀ ਕੋਲਪੋਸਕੋਪੀ ਲਈ ਤਿਆਰ ਕਿਵੇਂ ਹੋਣਾ ਚਾਹੀਦਾ ਹੈ?

- ☑ ਇਹ ਉਦੋਂ ਕਰਵਾਉਣ ਦੀ ਕੋਸ਼ਿਸ਼ ਕਰੋ ਜਦੋਂ ਤੁਹਾਨੂੰ ਪੀਰੀਅਡ ਨਹੀਂ ਆਇਆ ਹੁੰਦਾ ਹੈ।
- ☑ ਇਸ ਪ੍ਰੋਸੀਜਰ ਲਈ ਹਸਪਤਾਲ ਵਿਚ ਰਹਿਣ, ਬੇਹੋਸ਼ ਕਰਨ, ਫਰੀਜ਼ਿੰਗ ਜਾਂ ਦਰਦ ਦੀ ਦਵਾਈ ਦੀ ਲੋੜ ਨਹੀਂ ਪੈਂਦੀ।
- ☑ ਆਪਣੀ ਅਪੌਇੰਟਮੈਂਟ ਤੋਂ ਪਹਿਲਾਂ ਕਿਸੇ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਨਾਲ ਗੱਲ ਕਰੋ।
- ☑ ਆਪਣੇ ਨਾਲ ਮਦਦ ਕਰਨ ਲਈ ਕੋਈ ਵਿਅਕਤੀ ਲਿਆਉ।
- ☑ ਜਿਹੜੀ ਵੀ ਚੀਜ਼ ਤੁਸੀਂ ਪੁੱਛਣਾ ਚਾਹੁੰਦੇ ਹੋ, ਉਸ ਨੂੰ ਯਾਦ ਰੱਖਣ ਵਿਚ ਮਦਦ ਲਈ ਸਵਾਲਾਂ ਦੀ ਲਿਸਟ ਲਿਆਉ।

## ਮੇਰੀ ਕੋਲਪੋਸਕੋਪੀ ਦੌਰਾਨ ਕੀ ਹੁੰਦਾ ਹੈ?

1. ਸਪੈਸ਼ਲਿਸਟ ਤੁਹਾਡੀ ਯੋਨੀ ਦੇ ਪਾਸਿਆਂ ਨੂੰ ਨਰਮੀ ਨਾਲ ਫੈਲਾਉਣ ਲਈ ਸਪੈਕੂਲਮ ਨਾਂ ਦਾ ਇਕ ਯੰਤਰ ਵਰਤਦਾ ਹੈ।
2. ਤੁਹਾਡੀ ਸਰਵਿਕਸ ਕੋਲਪੋਸਕੋਪ ਰਾਹੀਂ ਦੇਖੀ ਜਾਂਦੀ ਹੈ। ਕੋਲਪੋਸਕੋਪ ਤੁਹਾਡੇ ਸਰੀਰ ਵਿਚ ਦਾਖਲ ਨਹੀਂ ਹੁੰਦੀ।
3. ਤੁਹਾਡੀ ਸਰਵਿਕਸ ਉੱਪਰ ਵਿਨੇਗਰ ਜਾਂ ਆਇਓਡੀਨ ਦੇ ਘੋਲ ਲਗਾਏ ਜਾ ਸਕਦੇ ਹਨ। ਇਹ ਅਸਧਾਰਨ ਸੈੱਲਾਂ ਨੂੰ ਦੇਖਣਾ ਸੌਖਾ ਬਣਾਉਂਦਾ ਹੈ।
4. ਜੇ ਸਪੈਸ਼ਲਿਸਟ ਕੋਈ ਅਸਧਾਰਨ ਸੈੱਲ ਦੇਖਦਾ ਹੈ ਤਾਂ ਉਹ ਟਿਸ਼ੂ (ਬਾਇਓਪਸੀ) ਦਾ ਇਕ ਛੋਟਾ ਨਮੂਨਾ ਲੈ ਸਕਦਾ ਹੈ। ਇਹ ਟੈੱਸਟ 5–10 ਮਿੰਟਾਂ ਵਿਚ ਕੀਤਾ ਜਾਂਦਾ ਹੈ।

ਪ੍ਰੋਸੀਜਰ ਬਾਰੇ ਫਿਕਰਮੰਦ ਮਹਿਸੂਸ ਕਰਨਾ ਆਮ ਗੱਲ ਹੈ। ਇਹ ਜਾਣਨਾ ਕਿ ਕੀ ਉਮੀਦ ਰੱਖਣੀ ਹੈ, ਜ਼ਿਆਦਾ ਆਰਾਮਦੇਹ ਮਹਿਸੂਸ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ। ਯਾਦ ਰੱਖੋ, ਤੁਸੀਂ ਕਿਸੇ ਵੇਲੇ ਵੀ ਸਪੈਸ਼ਲਿਸਟ ਨੂੰ ਇਹ ਪੁੱਛ ਸਕਦੇ ਹੋ ਕਿ ਉਹ ਕੀ ਕਰ ਰਹੇ ਹਨ।

ਕੋਲਪੋਸਕੋਪੀ ਪ੍ਰੋਸੀਜਰ (ਤਰੀਕੇ) ਬਾਰੇ ਵੀਡਿਓ ਦੇਖੋ: screeningbc.ca/cervix

## ਕੋਲਪੋਸਕੋਪੀ ਤੋਂ ਬਾਅਦ ਕੀ ਹੁੰਦਾ ਹੈ?

ਤੁਸੀਂ ਬਾਅਦ ਵਿਚ ਆਪਣੀਆਂ ਆਮ ਸਰਗਰਮੀਆਂ ਕਰ ਸਕਦੇ ਹੋ। ਜੇ ਬਾਇਓਪਸੀ ਲਈ ਗਈ ਸੀ ਤਾਂ ਤੁਹਾਨੂੰ 1 ਤੋਂ 2 ਦਿਨਾਂ ਲਈ ਹਲਕੀ ਬਲੀਡਿੰਗ ਹੋਣ ਦਾ ਅਨੁਭਵ ਹੋ ਸਕਦਾ ਹੈ। ਜੇ ਬਲੀਡਿੰਗ ਤੋਂ ਰੋਕਥਾਮ ਕਰਨ ਲਈ ਟੈਂਪੋਨ ਦੀ ਵਰਤੋਂ ਕੀਤੀ ਗਈ ਸੀ ਤਾਂ ਇਹ ਪੱਕਾ ਕਰੋ ਕਿ ਇਹ ਪਾਉਣ ਤੋਂ ਬਾਅਦ 3 ਘੰਟਿਆਂ ਵਿਚ ਕੱਢ ਦਿੱਤਾ ਗਿਆ ਸੀ। ਜੇ ਹਲਕੀ ਬਲੀਡਿੰਗ ਜਾਰੀ ਰਹਿੰਦੀ ਹੈ ਤਾਂ ਤੁਸੀਂ ਲੋੜ ਮੁਤਾਬਕ ਹੋਰ ਟੈਂਪੋਨ ਜਾਂ ਪੈਡ ਦੀ ਵਰਤੋਂ ਕਰ ਸਕਦੇ ਹੋ।

### ਕੀ ਕੋਲਪੋਸਕੋਪੀ ਦੁਖਦਾਈ ਹੁੰਦੀ ਹੈ?

ਜੇ ਬਾਇਓਪਸੀ ਲਈ ਜਾਂਦੀ ਹੈ ਤਾਂ ਤੁਹਾਨੂੰ ਚੂੰਢੀ ਵੱਢ ਹੁੰਦੀ ਜਾਂ ਕੁਝ ਢਿੱਡ-ਪੀੜ ਮਹਿਸੂਸ ਹੋ ਸਕਦੀ ਹੈ, ਪਰ ਇਹ ਛੇਤੀ ਨਾਲ ਹਟ ਜਾਣੀ ਚਾਹੀਦੀ ਹੈ। ਜੇ ਤੁਹਾਨੂੰ ਦਰਦ ਬਾਰੇ ਘਬਰਾਹਟ ਹੈ ਜਾਂ ਜੇ ਪ੍ਰੋਸੀਜਰ ਦੌਰਾਨ ਤੁਹਾਡੇ ਦਰਦ ਹੁੰਦੀ ਹੈ ਤਾਂ ਸਪੈਸ਼ਲਿਸਟ ਨੂੰ ਦੱਸੋ। ਉਹ ਤੁਹਾਨੂੰ ਜ਼ਿਆਦਾ ਆਰਾਮਦੇਹ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨਗੇ ਜਾਂ ਜੇ ਤੁਸੀਂ ਕਹਿੰਦੇ ਹੋ ਤਾਂ ਪ੍ਰੋਸੀਜ਼ਰ ਰੋਕ ਦੇਣਗੇ।

### ਕੋਲਪੋਸਕੋਪੀ ਦੇ ਕੀ ਖਤਰੇ ਹਨ?

ਕੋਲਪੋਸਕੋਪੀ ਨਾਲ ਸਮੱਸਿਆਵਾਂ ਪੈਦਾ ਹੋਣ ਦਾ ਖਤਰਾ ਘੱਟ ਹੈ। ਬਹੁਤ ਹੀ ਘੱਟ ਕੇਸਾਂ ਵਿਚ, ਬਾਇਓਪਸੀ ਇਨਫੈਕਸ਼ਨ ਜਾਂ ਬਲੀਡਿੰਗ ਦਾ ਕਾਰਨ ਬਣ ਸਕਦੀ ਹੈ। ਅਸਧਾਰਨਤਾਵਾਂ ਦਾ ਪਤਾ ਲਾਉਣ ਤੋਂ ਖੁੰਝ ਜਾਣ ਦਾ ਵੀ ਥੋੜ੍ਹਾ ਜਿਹਾ ਮੌਕਾ ਹੈ।

### ਹਿਊਮਨ ਪਾਪੀਲੋਮਾਵਾਇਰਸ (ਐੱਚ ਪੀ ਵੀ) ਕੀ ਹੈ?

ਐੱਚ ਪੀ ਵੀ ਇਕ ਆਮ ਵਾਇਰਸ ਹੈ ਜਿਹੜਾ ਕਾਮੁਕ ਸੰਪਰਕ ਨਾਲ ਫੈਲਦਾ ਹੈ। ਇਸ ਵਿਚ ਲਿੰਗਕ ਛੂਹ, ਜ਼ਬਾਨੀ, ਯੋਨੀ ਰਾਹੀਂ ਅਤੇ ਗੁਦਾ ਸੈਕਸ ਸ਼ਾਮਲ ਹਨ।

ਐੱਚ ਪੀ ਵੀ ਦੀਆਂ 200 ਨਾਲੋਂ ਜ਼ਿਆਦਾ ਵੱਖੋ ਵੱਖਰੀਆਂ ਕਿਸਮਾਂ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਨੁਕਸਾਨਦੇਹ ਨਹੀਂ ਹਨ। ਪਰ, ਜ਼ਿਆਦਾ ਖਤਰੇ ਵਾਲੀਆਂ ਕਿਸਮਾਂ ਨਾਲ ਲੰਬਾ-ਸਮਾਂ ਰਹਿਣ ਵਾਲੀ ਇਨਫੈਕਸ਼ਨ, ਜਿਵੇਂ ਕਿ ਐੱਚ ਪੀ ਵੀ 16 ਅਤੇ 18, ਸਰਵੀਕਲ ਕੈਂਸਰ ਦਾ ਕਾਰਨ ਬਣ ਸਕਦੀ ਹੈ। ਐੱਚ ਪੀ ਵੀ ਦੀਆਂ ਕਿਸਮਾਂ 16 ਅਤੇ 18 ਸਰਵੀਕਲ ਕੈਂਸਰ ਦੇ 100 ਕੇਸਾਂ ਵਿੱਚੋਂ ਤਕਰੀਬਨ 70 ਦਾ ਕਾਰਨ ਬਣਦੀਆਂ ਹਨ।

### ਮੈਨੂੰ ਐੱਚ ਪੀ ਵੀ ਕਿਵੇਂ ਹੋਇਆ?

ਜੇ ਤੁਸੀਂ ਆਪਣੀ ਜ਼ਿੰਦਗੀ ਵਿਚ ਕਿਸੇ ਵੀ ਤਰ੍ਹਾਂ ਦਾ ਕਾਮੁਕ ਸੰਪਰਕ ਕੀਤਾ ਹੈ, ਭਾਵੇਂ ਇਹ ਇੱਕੋ ਸਾਥੀ ਨਾਲ ਹੋਵੇ, ਇਸ ਚੀਜ਼ ਦੀ ਕਾਫੀ ਸੰਭਾਵਨਾ ਹੈ ਕਿ ਤੁਸੀਂ ਐੱਚ ਪੀ ਵੀ ਦੇ ਸੰਪਰਕ ਵਿਚ ਆਏ ਹੋ। ਇਹ ਸੰਪਰਕ ਤੋਂ ਛੇਤੀ ਬਾਅਦ ਜਾਂ ਸਾਲਾਂ ਬਾਅਦ ਦਿਖਾਈ ਦੇ ਸਕਦਾ ਹੈ, ਜਿਸ ਨਾਲ ਇਹ ਜਾਣਨਾ ਮੁਸ਼ਕਲ ਹੋ ਜਾਂਦਾ ਹੈ ਕਿ ਤੁਹਾਨੂੰ ਐੱਚ ਪੀ ਵੀ ਕਦੋਂ ਮਿਲਿਆ ਸੀ ਜਾਂ ਕਿਹਦੇ ਤੋਂ ਮਿਲਿਆ ਸੀ।

### ਕੀ ਇਸ ਦਾ ਮਤਲਬ ਹੈ ਕਿ ਮੈਨੂੰ ਸਰਵੀਕਲ ਕੈਂਸਰ ਹੈ?

ਨਹੀਂ, ਇਹ ਨਤੀਜੇ ਆਮ ਹਨ। ਪੈਪ ਟੈੱਸਟ ਦੇ ਅਸਧਾਰਨ ਨਤੀਜੇ ਜਾਂ ਜ਼ਿਆਦਾ ਖਤਰੇ ਵਾਲੇ ਐੱਚ ਪੀ ਵੀ ਵਾਲੇ ਬਹੁਤ ਘੱਟ ਲੋਕਾਂ ਨੂੰ ਕੈਂਸਰ ਹੁੰਦੀ ਹੈ ਜਾਂ ਉਨ੍ਹਾਂ ਵਿਚ ਕੈਂਸਰ ਤੋਂ ਪਹਿਲਾਂ ਵਾਲੇ ਸੈੱਲ ਹੁੰਦੇ ਹਨ। ਪਰ, ਪੈਰਵੀ ਵਾਸਤੇ, ਤੁਹਾਡੇ ਲਈ ਸਿਫਾਰਸ਼ ਕੀਤੀ ਗਈ ਕਿਸੇ ਵੀ ਅਪੌਇੰਟਮੈਂਟ ’ਤੇ ਜਾਣਾ ਜ਼ਰੂਰੀ ਹੈ। ਅਪੌਇੰਟਮੈਂਟਾਂ ’ਤੇ ਜਾਣਾ ਸਰਵੀਕਲ ਕੈਂਸਰ ਹੋਣ ਤੋਂ ਰੋਕਥਾਮ ਕਰ ਸਕਦਾ ਹੈ।

### ਕੀ ਮੈਨੂੰ ਆਪਣੇ ਸਾਥੀ (ਸਾਥੀਆਂ) ਨੂੰ ਇਹ ਦੱਸਣਾ ਚਾਹੀਦਾ ਹੈ ਕਿ ਮੈਨੂੰ ਐੱਚ ਪੀ ਵੀ ਹੈ?

ਉਨ੍ਹਾਂ ਨੂੰ ਦੱਸਣਾ ਜਾਂ ਨਹੀਂ ਦੱਸਣਾ ਤੁਹਾਡੀ ਚੋਣ ਹੈ। ਐੱਚ ਪੀ ਵੀ ਬਹੁਤ ਆਮ ਹੈ ਅਤੇ ਕਾਮੁਕ ਤੌਰ ’ਤੇ ਸਰਗਰਮ ਬਹੁਤੇ ਲੋਕਾਂ ਨੂੰ ਆਪਣੀ ਜ਼ਿੰਦਗੀ ਦੇ ਕਿਸੇ ਪੜਾ ’ਤੇ ਐੱਚ ਪੀ ਵੀ ਹੋਵੇਗਾ।

ਐੱਚ ਪੀ ਵੀ ਦੀ ਇਨਫੈਕਸ਼ਨ ਦਾ ਆਪਣੇ ਆਪ ਵਿਚ ਕੋਈ ਇਲਾਜ ਨਹੀਂ ਹੈ। ਬਹੁਤੀ ਵਾਰੀ, ਐੱਚ ਪੀ ਵੀ ਕੋਈ ਨਿਸ਼ਾਨੀਆਂ ਜਾਂ ਸਮੱਸਿਆਵਾਂ ਤੋਂ ਬਿਨਾਂ ਆਪਣੇ ਆਪ ਹਟ ਜਾਂਦਾ ਹੈ।

### ਕੀ ਮੇਰੇ ਸਾਥੀ (ਸਾਥੀਆਂ) ਦੀ ਜਾਂਚ ਹੋਣੀ ਚਾਹੀਦੀ ਹੈ?

ਸਰਵਿਕਸ ਵਾਲੇ ਕਿਸੇ ਵੀ ਵਿਅਕਤੀ ਦੀ, ਜਿਸ ਦੀ ਉਮਰ 25 ਅਤੇ 69 ਸਾਲ ਦੇ ਵਿਚਕਾਰ ਹੈ, ਸਰਵੀਕਲ ਕੈਂਸਰ ਲਈ ਨੇਮ ਨਾਲ ਜਾਂਚ ਹੋਣੀ ਚਾਹੀਦੀ ਹੈ।

ਜੇ ਤੁਹਾਡੇ ਸਾਥੀ (ਸਾਥੀਆਂ) ਦੀ ਸਰਵਿਕਸ ਨਹੀਂ ਹੈ ਤਾਂ ਐੱਚ ਪੀ ਵੀ ਲਈ ਚੈੱਕ ਕੀਤੇ ਜਾਣ ਦੀ ਲੋੜ ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਸਰਵੀਕਲ ਕੈਂਸਰ ਨਹੀਂ ਹੋ ਸਕਦੀ।

### ਮੈਂ ਐੱਚ ਪੀ ਵੀ ਤੋਂ ਰੋਕਥਾਮ ਕਿਵੇਂ ਕਰ ਸਕਦੀ ਹਾਂ?

1. **ਐੱਚ ਪੀ ਵੀ ਵੈਕਸੀਨ:** ਵੈਕਸੀਨ ਲਵਾਉਣਾ, ਐੱਚ ਪੀ ਵੀ ਦੀਆਂ ਸਭ ਤੋਂ ਜ਼ਿਆਦਾ ਗੰਭੀਰ ਕਿਸਮਾਂ ਤੋਂ ਰੋਕਥਾਮ ਕਰਨ ਵਿਚ ਮਦਦ ਕਰ ਸਕਦਾ ਹੈ। immunizebc.ca/hpv ’ਤੇ ਜਾਉ।
2. **ਕੰਡੋਮਾਂ ਦੀ ਵਰਤੋਂ ਕਰੋ:** ਭਾਵੇਂ ਕਿ ਕੰਡੋਮ ਤੁਹਾਨੂੰ ਐੱਚ ਪੀ ਵੀ ਹੋਣ ਤੋਂ ਪੂਰੀ ਤਰ੍ਹਾਂ ਰੋਕਥਾਮ ਨਹੀਂ ਕਰਦੇ, ਉਹ ਤੁਹਾਡਾ ਖਤਰਾ ਘਟਾਉਣ ਵਿਚ ਮਦਦ ਕਰਦੇ ਹਨ। ਉਹ ਸੰਭੋਗ ਨਾਲ ਲੱਗਣ ਵਾਲੀਆਂ ਹੋਰ ਇਨਫੈਕਸ਼ਨਾਂ ਤੋਂ ਵੀ ਰੱਖਿਆ ਕਰਦੇ ਹਨ।
3. **ਸਿਗਰਟਾਂ ਨਾ ਪੀਉ:** ਸਿਗਰਟਾਂ ਪੀਣਾ, ਐੱਚ ਪੀ ਵੀ ਅਤੇ ਹੋਰ ਇਨਫੈਕਸ਼ਨਾਂ ਦਾ ਮੁਕਾਬਲਾ ਕਰਨ ਦੀ ਸਰੀਰ ਦੀ ਸਮਰਥਾ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

### ਸਾਡੇ ਨਾਲ ਸੰਪਰਕ ਕਰੋ


BC Cancer Cervix Screening
801-686 West Broadway, Vancouver, BC V5Z 1G1

ਫੋਨ: 1-877-702-6566
ਈਮੇਲ: screening@bccancer.bc.ca
ਵੈੱਬ: www.screeningbc.ca/cervix


ਮੈਨੂੰ ਸਕੈਨ ਕਰੋ


ਤੁਹਾਡੀ ਨਿੱਜੀ ਜਾਣਕਾਰੀ, ਨਿੱਜੀ ਜਾਣਕਾਰੀ ਦੀ ਹਿਫਾਜ਼ਤ ਦੇ ਐਕਟ, ਅਤੇ ਜਦੋਂ ਲਾਗੂ ਹੁੰਦਾ ਹੋਵੇ, ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਦੇ ਮੁਤਾਬਕ ਇਕੱਠੀ ਕੀਤੀ ਜਾਂਦੀ ਹੈ ਅਤੇ ਇਸ ਦੀ ਅਣਅਧਿਕਾਰਤ ਵਰਤੋਂ ਤੋਂ ਅਤੇ ਅਗਾਂਹ ਦੱਸੇ ਜਾਣ ਤੋਂ ਰੱਖਿਆ ਕੀਤੀ ਜਾਂਦੀ ਹੈ। ਇਹ ਜਾਣਕਾਰੀ ਸਿਰਫ ਇਨ੍ਹਾਂ ਐਕਟਾਂ ਮੁਤਾਬਕ ਹੀ ਵਰਤੀ ਅਤੇ ਅਗਾਂਹ ਦੱਸੀ ਜਾ ਸਕਦੀ ਹੈ, ਅਤੇ ਇਸ ਦੀ ਵਰਤੋਂ ਕੁਆਲਟੀ ਨੂੰ ਯਕੀਨੀ ਬਣਾਉਣ ਲਈ ਕੀਤੀ ਜਾਵੇਗੀ ਅਤੇ ਇਲਾਜ ਕਰਨ ਵਾਲੇ ਹੈਲਥਕੇਅਰ ਪ੍ਰੈਕਟੀਸ਼ਨਰਾਂ ਨੂੰ ਦਿੱਤੀ ਜਾਵੇਗੀ ਜਾਂ ਜਦੋਂ ਕਾਨੂੰਨ ਮੁਤਾਬਕ ਅਜਿਹਾ ਕਰਨਾ ਜ਼ਰੂਰੀ ਹੋਵੇ। ਬੀ ਸੀ ਕੈਂਸਰ ਵਲੋਂ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ ਦੇ ਸੰਬੰਧ ਵਿਚ ਕੋਈ ਵੀ ਸਵਾਲ ਓਪਰੇਸ਼ਨਜ਼ ਡਾਇਰੈਕਟਰ, ਕੈਂਸਰ ਸਕਰੀਨਿੰਗ ਤੋਂ ਪੁੱਛੇ ਜਾ ਸਕਦੇ ਹਨ (ਐਡਰੈਸ: 801 – 686 West Broadway, Vancouver BC V5X 1G1, ਵੈੱਬ: www.screeningbc.ca ਜਾਂ ਈਮੇਲ: screening@bccancer.bc.ca)।